**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ, ਐਸ.ਏ.ਐਸ. ਨਗਰ**
**(ਕੋਆਰਡੀਨੇਸ਼ਨ ਸ਼ਾਖਾ)**

ਸੇਵਾ ਵਿਖੇ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ), ਪੰਜਾਬ।
2. ਸਮੂਹ ਪ੍ਰਿੰਸੀਪਲ/ਸਕੂਲ ਮੁੱਖੀ,ਪੰਜਾਬ।

(ਵੈਬਸਾਈਟ ਰਾਹੀਂ)

ਮੀਮੋ ਨੰ: 15/1-2019 ਕੋ ਸ਼ਾਖਾ (1)/2019428364
ਮਿਤੀ: 18.12.2019

**ਵਿਸ਼ਾ:** **ਸਾਲ 2020 ਦੌਰਾਨ ਪਾਕਿਸਤਾਨ ਵਿਖੇ ਵੱਖ ਵੱਖ ਸਮਾਗਤਾ ਤੇ ਪਾਕਿਸਤਾਨ ਜਾਣ ਵਾਲੇ ਜੱਥਿਆਂ ਨਾਲ ਸੰਪਰਕ ਅਫਸਰ ਅਤੇ ਪ੍ਰੇਖਕ ਨਿਯੁਕਤ ਕਰਨ ਬਾਰੇ।**

ਹਵਾਲਾ: ਪੰਜਾਬ ਸਰਕਾਰ, ਆਮ ਰਾਜ ਪ੍ਰਬੰਧ ਵਿਭਾਗ (ਆਮ ਤਾਲਮੇਲ ਸ਼ਾਖਾ) ਦਾ ਪੱਤਰ ਨੰ: GAD-CORDOP/j/1/2019-GC1/2684 ਮਿਤੀ 5.12.2019.

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

ਨੱਥੀ ਉਕਤ ਅਨੁਸਾਰ

ਸੁਪਰਡੰਟ (ਕੋ.ਸ਼ਾਖਾ)

ਪਿੱਠ ਅੰ. ਨੰ:ਉਕਤ ਮਿਤੀ

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਦਾ ਹੈ:-

1. ਪੀ.ਆਰ.ਓ/ਸਕੱਤਰ ਸਕੂਲ ਸਿੱਖਿਆ, ਪੰਜਾਬ (ਸੂਚਨਾ ਹਿੱਤ)
2. ਸਮੂਹ ਅਧਿਕਾਰੀ /ਸ਼ਾਖਾ ਮੁੱਖੀ ਦਫਤਰ ਡੀ.ਪੀ.ਆਈ. (ਸੈਸਿ), ਪੰਜਾਬ।

ਸੁਪਰਡੰਟ (ਕੋ.ਸ਼ਾਖਾ)

File No.GAD-CORDOP/J/1/2019-GC 1/ 2684

ਪੰਜਾਬ ਸਰਕਾਰ

ਆਮ ਰਾਜ ਪ੍ਰਬੰਧ ਵਿਭਾਗ

(ਆਮ ਤਾਲਮੇਲ ਸ਼ਾਖਾ)

ਮਿਤੀ: 5/12/2019

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,

ਡਵੀਜਨਾਂ ਦੇ ਕਮਿਸ਼ਨਰ ਅਤੇ ਡਿਪਟੀ ਕਮਿਸ਼ਨਰ।

ਵਿਸ਼ਾ:- ਸਾਲ 2020 ਦੌਰਾਨ ਪਾਕਿਸਤਾਨ ਵਿਖੇ ਵੱਖ ਵੱਖ ਸਮਾਂਗਮਾਂ ਤੇ ਪਾਕਿਸਤਾਨ ਜਾਣ ਵਾਲੇ ਜੱਥਿਆਂ ਨਾਲ ਸੰਪਰਕ ਅਫਸਰ (Liaison Officer) ਅਤੇ ਪ੍ਰੇਖਕ ਨਿਯੁਕਤ ਕਰਨ ਬਾਰੇ।

****

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਸਾਲ-2020 ਵਿੱਚ ਨਿਮਨ ਲਿਖਤ ਸਮਾਗਮਾਂ ਤੇ ਭਾਰਤ ਸਰਕਾਰ ਵੱਲੋਂ ਸਿੱਖ/ਸਹਿਜਧਾਰੀ ਸਿੱਖ ਯਾਤਰੀਆਂ ਦੇ ਜੱਥੇ ਪਾਕਿਸਤਾਨ ਭੇਜੇ ਜਾਣ ਦੀ ਸੰਭਾਵਨਾ ਹੈ:-

| ਲੜੀ ਨੰ: | ਸਮਾਗਮ | ਮਹੀਨਾ | ਸਾਲ |
|---|---|---|---|
| 1 | ਵਿਸਾਖੀ | ਅਪ੍ਰੈਲ | 2020 |
| 2 | ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਜੀ | ਮਈ | 2020 |
| 3 | ਬਰਸੀ ਮਹਾਰਾਜ ਰਣਜੀਤ ਸਿੰਘ ਜੀ | ਜੂਨ | 2020 |
| 4 | ਗੁਰਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ | ਨਵੰਬਰ | 2020 |

2. ਉਪਰੋਕਤ ਜੱਥਿਆਂ ਨਾਲ ਸਰਕਾਰ ਵੱਲੋਂ ਸੰਪਰਕ ਅਫਸਰ (Liaison Officer) ਅਤੇ ਪ੍ਰੇਖਕ ਨਿਯੁਕਤ ਕੀਤੇ ਜਾਂਦੇ ਹਨ। ਪੰਜਾਬ ਰਾਜ ਦੇ ਸਰਕਾਰੀ ਕਰਮਚਾਰੀ, ਜਿਹੜੇ ਸੀਨੀਅਰ ਸਹਾਇਕ ਜਾਂ ਇਸ ਤੋਂ ਉਪਰਲੇ ਕਿਸੇ ਪਦਵੀ ਤੇ ਨਿਯੁਕਤ ਹਨ, ਉਪਰੋਕਤ ਨਿਯੁਕਤੀ ਲਈ ਯੋਗ ਹਨ। ਅਫਸਰ ਸਾਹਿਬਾਨ/ਕਰਮਚਾਰੀ, ਜਿਹੜੇ ਇਨ੍ਹਾਂ ਜੱਥਿਆਂ ਨਾਲ ਬਤੌਰ ਸੰਪਰਕ ਅਫਸਰ ਜਾਂ ਪ੍ਰੇਖਕ ਦੇ ਤੌਰ ਤੇ ਜਾਣ ਲਈ ਇਛੁੱਕ ਹੋਣ, ਉਹ ਆਪਣੇ ਬਿਨੈ-ਪੱਤਰ (ਨਾਲ ਨੱਥੀ ਪ੍ਰਫਾਰਮੇ ਅਨੁਸਾਰ) ਆਪਣੇ ਵਿਭਾਗ ਦੇ ਮੁੱਖੀ ਰਾਹੀਂ ਆਮ ਰਾਜ ਪ੍ਰਬੰਧ ਵਿਭਾਗ (ਆਮ ਤਾਲਮੇਲ ਸ਼ਾਖਾ) 6ਵੀਂ ਮੰਜਿਲ (ਹਾਲ), ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ ਨੂੰ ਮਿਤੀ 31-12-2019 ਤੱਕ ਹਰ ਹਾਲਤ ਵਿੱਚ ਭੇਜਣ ਦੀ ਖੇਚਲ ਕਰਨ। ਇਸ ਮਿਤੀ ਤੋਂ ਬਾਅਦ ਭੇਜੀਆਂ ਗਈਆਂ ਪ੍ਰਤੀਬੇਨਤੀਆਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ। ਸਬੰਧਤ ਪ੍ਰਤੀਬੇਨਤੀ ਤੇ ਵਿਭਾਗ ਦੇ ਮੁੱਖੀ ਵੱਲੋਂ ਇਹ ਤਸਦੀਕ ਕੀਤਾ ਜਾਵੇ ਕਿ ਬਿਨੈਕਾਰ ਵਿਰੁੱਧ ਕੋਈ ਵੀ ਫੌਜਦਾਰੀ/ਵਿਭਾਗੀ ਕਾਰਵਾਈ ਦਾ ਕੇਸ ਲੰਬਿਤ ਨਹੀਂ ਹੈ।

3. ਸਕੱਤਰੇਤ ਵਿਖੇ ਕੰਮ ਕਰਦੇ ਚਾਹਵਾਨ ਯੋਗ ਅਧਿਕਾਰੀ/ਕਰਮਚਾਰੀ ਆਪਣੇ ਬਿਨੈ ਪੱਤਰ ਸਕੱਤਰੇਤ ਪ੍ਰਸ਼ਾਸਨ ਰਾਹੀਂ ਭੇਜਣ ਦੀ ਖੇਚਲ ਕਰਨ। ਸਕੱਤਰੇਤ ਪ੍ਰਸ਼ਾਸਨ ਦੀ ਪ੍ਰਵਾਨਗੀ ਬਿਨ੍ਹਾਂ ਪ੍ਰਾਪਤ ਹੋਏ ਪੱਤਰਾਂ ਨੂੰ ਵਿਚਾਰਿਆ ਨਹੀਂ ਜਾਵੇਗਾ।

4. ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਕੇਵਲ ਉਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਦੇ ਬਿਨੈ-ਪੱਤਰਾਂ ਤੇ ਹੀ ਵਿਚਾਰ ਕੀਤਾ ਜਾਵੇਗਾ, ਜਿਹੜੇ ਪਿਛਲੇ 05 ਸਾਲਾਂ ਦੌਰਾਨ ਜੱਥੇ ਨਾਲ ਵੀ ਬਤੌਰ ਸੰਪਰਕ

ਅਫਸਰ ਜਾਂ ਪ੍ਰੇਖਕ ਨਹੀਂ ਗਏ। ਜਿਹੜੇ ਅਧਿਕਾਰੀ/ਕਰਮਚਾਰੀ ਪਹਿਲਾਂ ਕਦੀ ਵੀ ਬਤੌਰ ਸੰਘਰਕ ਅਫਸਰ ਜਾਂ ਪ੍ਰੇਖਕ ਪਾਕਿਸਤਾਨ ਨਹੀਂ ਗਏ, ਉਨ੍ਹਾਂ ਨੂੰ ਤਰਜੀਹ ਦਿੱਤੀ ਜਾਵੇਗੀ। ਅਧੂਰੀਆਂ ਦਰਖਾਸਤਾਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

5. ਕਿਸੇ ਵੀ ਬਿਨੈਕਾਰ ਨੂੰ ਜੇਕਰ ਉਹ ਬਤੌਰ ਸੰਪਰਕ ਅਫਸਰ/ਪ੍ਰੇਖਕ ਨਿਯੁਕਤ ਕੀਤਾ ਜਾਂਦਾ ਹੈ, ਤਾਂ ਉਸ ਨੂੰ ਆਮ ਹਾਲਾਤਾਂ ਵਿੱਚ ਆਪਣਾ ਬਿਨੈ ਪੱਤਰ ਵਾਪਿਸ ਲੈਣ ਦੀ ਆਗਿਆ ਨਹੀਂ ਹੋਵੇਗੀ।

6. ਹਰ ਸਹਿਜਧਾਰੀ ਸਿੱਖ ਨੂੰ ਜੇਕਰ ਉਸ ਦੀ ਨਿਯੁਕਤੀ ਬਤੌਰ ਸੰਪਰਕ ਅਫਸਰ ਜਾਂ ਪ੍ਰੇਖਕ ਕੀਤੀ ਜਾਂਦੀ ਹੈ ਤਾਂ ਪਾਕਿਸਤਾਨ ਅੰਬੈਸੀ, ਨਵੀਂ ਦਿੱਲੀ ਤੋਂ ਵੀਜ਼ਾ ਪ੍ਰਾਪਤ ਕਰਨ ਵੇਲੇ, ਜੇਕਰ ਲੋੜ ਹੋਈ, ਇਹ ਹਲਫੀਆ ਬਿਆਨ (Affidavit) ਦੇਣਾ ਪਵੇਗਾ ਕਿ ਉਹ ਬੋਨਾਫੀਈਡ ਸਹਿਜਧਾਰੀ ਸਿੱਖ ਹੈ।

ਅਧੀਨ ਸਕੱਤਰ

ਉਤਾਰਾ ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰਾਂ/ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ, ਪੰਜਾਬ ਸਰਕਾਰ ਨੂੰ ਸੂਚਨਾਂ/ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ

ਇਸ ਦਾ ਇਕ ਉਤਾਰਾ ਹੇਠ ਲਿੱਖਿਆ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਸਮੂਹ ਸਕੱਤਰ/ਮੰਤਰੀ ਸਾਹਿਬਾਨ।
2. ਸਮੂਹ ਨਿੱਜੀ ਸਕੱਤਰ/ਨਿੱਜੀ ਸਹਾਇਕ/ਸਪੈਸ਼ਲ ਸਕੱਤਰ/ਵਧੀਕ ਸਕੱਤਰ/ਸੰਯੁਕਤ ਸਕੱਤਰ/ਉਪ ਸਕੱਤਰ/ਅਧੀਨ ਸਕੱਤਰ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਇਹ ਪੱਤਰ ਆਪਣੇ ਅਧੀਨ ਕੰਮ ਕਰਦੇ ਕਰਮਚਾਰੀਆਂ ਦੇ ਧਿਆਨ ਵਿੱਚ ਲਿਆਉਣ ਦੀ ਖੇਚਲ ਕਰਨ।

ਅਧੀਨ ਸਕੱਤਰ